# ਬਾਬਾ ਸ਼ੇਖ਼ ਫ਼ਰੀਦ ਜੀ (ਜੀਵਨ ਤੇ ਰਚਨਾ)

ਹਜ਼ਰਤ ਬਾਬਾ ਸ਼ੇਖ਼ ਫ਼ਰੀਦ ਜੀ ਚਿਸ਼ਤੀ ਸੰਪਰਦਾਇ ਦੇ ਅਨੁਯਾਈ ਸਨ। ਫ਼ਰੀਦ ਜੀ ਨੂੰ ਸੂਫ਼ੀ ਜਗਤ ਅਤੇ ਪੰਜਾਬੀ ਸਾਹਿਤ ਵਿੱਚ ਬਹੁਤ ਉੱਚਾ ਸਥਾਨ ਪ੍ਰਾਪਤ ਹੈ। ਜਿਸ ਕਰਕੇ ਆਪ ਜੀ ਨੂੰ ਪੰਜਾਬੀ ਸਾਹਿਤ ਦੇ ਪਿਤਾਮਾ ਹੋਣ ਦਾ ਮਾਣ ਪ੍ਰਾਪਤ ਹੈ। ਸ਼ੇਖ਼ ਫ਼ਰੀਦ ਜੀ ਆਪਣੇ ਸਮੇਂ ਦੀ ਇੱਕ ਮਹੱਤਵਪੂਰਨ ਸ਼ਖ਼ਸੀਅਤ ਸੀ। ਜਿਨ੍ਹਾਂ ਦੀ ਬਾਣੀ ਅਤੇ ਸਿੱਖਿਆ ਨੂੰ ਸੂਫ਼ੀ ਸੰਤ ਗੁਰਮਤਿ ਵੋਗ ਵਿੱਚ ਹੀ ਸਰਵਸ਼੍ਰੇਸ਼ਟ ਰੁਤਬਾ ਪ੍ਰਾਪਤ ਹੈ।

## ਪ੍ਰੋ. ਸਰ ਹੈਮਿਲਟਨ ਗਿੱਬ ਅਨੁਸਾਰ :→

> "ਬਾਬਾ ਫ਼ਰੀਦ ਜੀ ਭਾਰਤ ਵਿੱਚ ਇਸਲਾਮਿਕ ਰਹੱਸਵਾਦੀ ਫ਼ਿਕਰ ਦੇ ਵਿਕਾਸ ਵਿੱਚ ਇੱਕ ਪ੍ਰਮੁੱਖ ਸ਼ਖ਼ਸੀਅਤ ਹੈ।"

(ਸੂਫ਼ੀਮਤ ਅਤੇ ਪੰਜਾਬੀ ਸੂਫ਼ੀ ਕਾਵਿ /115)

ਫ਼ਰੀਦ ਜੀ ਦੀ ਸ਼ਖ਼ਸੀਅਤ ਅਸਲ ਅਰਥਾਂ ਵਿੱਚ ਧਾਰਮਿਕ ਤੌਰ ਆਸਾਂ ਦੀ ਸੂਫ਼ੀਵਾਦੀ ਪੂਰਨ ਭਗਤ ਰਹੱਸਵਾਦੀ ਅਤੇ ਆਪਣੇ ਸਮੇਂ ਦੀ ਬੇਮਿਸਾਲ ਸ਼ਖ਼ਸੀਅਤ ਸੀ।

## ਡਾ. ਵਿਕਰਮ ਸਿੰਘ ਘੁੰਮਣ ਅਨੁਸਾਰ :→

"ਬਾਬਾ ਫ਼ਰੀਦ ਫ਼ਕੀਰੀ, ਦਰਵੇਸ਼ੀ, ਨਿਮਰਤਾ

ਸਿਮਰਨ, ਤਪ, ਭਗਤੀ, ਨਿਮਰਤਾ ਵਿੱਚ
ਸਗੋਂ ਉਹਨਾਂ ਨੇ ਆਪਣੀ ਜ਼ਿੰਦਗੀ ਦੀ ਹਰ
ਘੜੀ ਨੂੰ ਲੋਕ ਭਲਾਈ, ਪਰ-ਉਪਕਾਰ ਤੇ
ਮਨੁੱਖਤਾ ਪ੍ਰਤੀ ਸੱਚੀ ਹਮਦਰਦੀ ਪ੍ਰਗਟਾਉਣ
ਹਿੱਤ ਲਾਇਆ।"

(ਸੂਫ਼ੀਮਤ ਅਤੇ ਪੰਜਾਬੀ ਸੂਫ਼ੀ ਕਾਵਿ 179)

ਬਾਬਾ ਫ਼ਰੀਦ ਜੀ ਦੇ 112 ਸਲੋਕ ਅਤੇ 4 ਸ਼ਬਦ, ਦੋ ਰਾਗ ਸੂਹੀ ਦੋ ਰਾਗ ਆਸਾ) 'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿੱਚ ਦਰਜ ਹਨ।

**ਜਨਮ :→** ਆਪ ਜੀ ਦਾ ਜਨਮ 1173 ਈ. ਵਿੱਚ ਸ਼ੇਖ਼ ਜਮਾਲ-ਉਦ-ਦੀਨ ਦੇ ਘਰ ਹੋਇਆ। ਆਪ ਦਾ ਜਨਮ ਸਥਾਨ ਮੁਲਤਾਨ ਦਾ ਪਿੰਡ ਕੋਠੀਵਾਲ ਹੈ। ਆਪ ਜੀ ਦੀ ਮਾਤਾ ਦਾ ਨਾਂ ਮਰੀਅਮ ਸੀ। ਆਪ ਜੀ ਦੀ ਮਾਤਾ ਜੀ ਬਹੁਤ ਪਵਿੱਤਰ ਔਰਤ ਸਨ। ਜਿਨ੍ਹਾਂ ਨੇ ਆਪ ਦੀ ਪਾਲਣਾ ਕੀਤੀ। ਬਾਬਾ ਫ਼ਰੀਦ ਜੀ ਉੱਪਰ ਵਿਸ਼ੇਸ਼ ਅਸਰ ਉਨ੍ਹਾਂ ਦੀ ਮਾਤਾ ਦਾ ਸੁਭਾਅ, ਜਿਸ ਦਾ ਸੁਭਾਅ ਪਾਠ-ਪੂਜਾ ਵਾਲਾ ਸੀ। ਅਧਿਆਤਮਿਕ ਰੁਚੀ ਬਾਬਾ ਫ਼ਰੀਦ ਜੀ ਨੂੰ ਮਾਂ ਤੋਂ ਹੀ ਮਿਲੀ। ਬਾਬਾ ਫ਼ਰੀਦ ਜੀ ਦਾ ਸੁਭਾਅ ਬਚਪਨ ਤੋਂ ਹੀ ਬਹੁਤ ਧਾਰਮਿਕ ਸਨ, ਇਸ ਕਾਰਨ 8 ਸਾਲ ਦੀ ਉਮਰ ਵਿੱਚ ਹੀ ਉਨ੍ਹਾਂ ਨੂੰ ਕੁਰਾਨ ਜ਼ੁਬਾਨੀ ਯਾਦ ਹੋ ਗਈ ਸੀ। ਕਿਹਾ ਜਾਂਦਾ ਹੈ ਕਿ ਇਨ੍ਹਾਂ ਦੀ ਮਾਂ ਇਨ੍ਹਾਂ ਦੀ ਬੈਠਣ ਦੀ ਸਫ਼ ਹੇਠਾਂ ਸ਼ੱਕਰ ਰੱਖ ਦਿੰਦੀ ਸੀ, ਜਿਹੜੀ ਬੰਦਗੀ ਕਰਨ ਤੋਂ ਬਾਅਦ ਇਨ੍ਹਾਂ ਨੂੰ ਉਥੋਂ ਮਿਲ ਜਾਂਦੀ ਸੀ। ਇਨ੍ਹਾਂ ਨੂੰ ਵਿਸ਼ਵਾਸ਼ ਹੋ ਗਿਆ ਕਿ ਪ੍ਰਮਾਤਮਾ ਬੰਦਗੀ ਦਾ ਫਲ ਦਿੰਦਾ ਹੈ। ਇਨ੍ਹਾਂ ਦੀ ਮਾਤਾ ਇਹ ਸਭ ਕੁੱਝ ਇਸ ਲਈ ਕਰਦੀ ਸੀ ਕਿ ਇਨ੍ਹਾਂ ਨੂੰ ਬੰਦਗੀ ਕਰਨ ਦੀ ਆਦਤ ਪਵੇ।

ਇਨ੍ਹਾਂ ਦੇ ਨਾਂ ਨਾਲ ਕਈ ਹੋਰ ਵੀ ਕਰਾਮਾਤ ਜੋੜੀਆ ਜਾਂਦੀਆ ਹਨ ਕਿ ਬੰਦਗੀ ਕਰਦਿਆ ਕਈ ਸਾਲ ਖੂਹ ਵਿੱਚ ਉਲਟੇ ਲਟਕੇ ਰਹੇ, ਇਨ੍ਹਾਂ ਨੇ ਲੰਮੇ ਸਮੇਂ ਤੱਕ ਰੁੱਖ ਦੀ ਨਾ ਖਾਧਾ ਪੀਤਾ।

**ਸਿੱਖਿਆ :→** ਬਾਬਾ ਫਰੀਦ ਜੀ ਦੀ ਸਿੱਖਿਆ ਬਾਰੇ ਦੱਸਿਆ ਜਾਂਦਾ ਹੈ ਕਿ ਉਹਨਾ ਦੇ ਪਿਤਾ ਬਾਬਾ ਫ਼ਰੀਦ ਜੀ ਨੂੰ ਕੇਵਲ 18 ਮਹੀਨੇ ਦੀ ਉੱਮਰ ਵਿੱਚ ਛੱਡ ਕੇ ਆਪ ਗੁਜ਼ਰ ਗਏ ਸਨ। ਆਪ ਜੀ ਦੀ ਮਾਤਾ ਕੁਲਸੁਮ ਨੇ ਹੀ ਆਪ ਜੀ ਨੂੰ ਪਾਲ ਕੇ ਧਾਰਮਿਕ ਵਿੱਦਿਆ ਦਿੱਤੀ। ਮੁੱਢਲੀ ਵਿੱਦਿਆ ਮਾਤਾ ਪਾਸੋਂ ਪ੍ਰਾਪਤ ਕਰਨ ਪਿੱਛੋਂ ਇਹਨਾ ਨੇ ਕੁਰਆਨ ਸ਼ਰੀਫ ਮੌਲਾਨਾ ਅਬੂ ਹਫ਼ਜ਼ ਕੋਲ ਪੜ੍ਹੇ। ਫਿਰ ਉਹ ਬਗਦਾਦ ਚਲੇ ਗਏ ਸਨ। ਜਿੱਥੇ ਉਹਨਾ ਨੇ ਅਬਦੁਲ ਸ਼ਾਹਬੁਦੀਨ ਚਿਸ਼ਤੀ ਹੋਰ ਸ਼ੇਖ਼ ਕਿਰਮਾਨੀ ਆਦਿ ਦੀ ਸੰਗਤ ਤੋ ਲਾਭ ਲਿਆ।

**ਸ਼ਕਰਗੰਜ ਨਾਮ ਪੈਣਾ :→** ਆਪ ਜੀ ਨੂੰ ਸ਼ਕਰਗੰਜ ਇਸ ਲਈ ਆਖਿਆ ਜਾਂਦਾ ਹੈ ਕਿ ਆਪ ਦੇ ਮਾਤਾ ਜੀ ਬਾਲ ਫਰੀਦ ਨੂੰ ਨਮਾਜ਼ ਕਰਨ ਜਾਂ ਬੰਦਗੀ ਕਰਨ ਲਈ ਲਾਲਚ ਦੇਣ ਲਈ ਰੋਜ਼ ਮੁਸੱਲੇ ਹੇਠਾ ਬਾਬਾ ਫਰੀਦ ਤੋ ਅੱਖ ਬਚਾ ਕੇ ਸ਼ੱਕਰ ਦੀ ਪੁੜੀ ਰੱਖ ਦਿੰਦੇ ਸਨ। ਆਪ ਬੰਦਗੀ ਕਰਕੇ ਹਟਦੇ ਤਾ ਮੁਸੱਲੇ ਹੇਠੋਂ ਸ਼ੱਕਰ ਦੀ ਪੁੜੀ ਚੱਕਣ ਲਈ ਆਖਦੇ ਸਨ ਤੇ ਦੱਸਦੇ ਸਨ ਕਿ ਅੱਲਾਹ ਨੇ ਸ਼ੱਕਰ ਭੇਜੀ ਹੈ। ਇੱਕ ਦਿਨ ਮਾਤਾ ਜੀ ਸ਼ੱਕਰ ਰੱਖਣੀ ਭੁੱਲ ਗਏ ਤਾ ਬੰਦਗੀ ਮਗਰੋਂ ਫ਼ਰੀਦ ਨੇ ਰੋਜ਼ ਮੁਤਾਬਕ ਸ਼ੱਕਰ ਲੈਣ ਲਈ ਮੁਸੱਲਾ ਚੁੱਕਿਆ ਤਾ ਦੇਖ ਕੇ ਹੈਰਾਨ ਰਹਿ ਗਏ ਕਿ ਮੁਸੱਲੇ ਹੇਠਲੀ ਸਾਰੀ ਧਰਤੀ ਸ਼ੱਕਰ ਦੀ ਬਣੀ ਹੋਈ ਸੀ। ਇਸ ਕਾਰਨ

ਆਧ ਦਾ ਨਾਂ ਸੁਹਰਵਰਦੀ ਪੈ ਗਿਆ।

**ਗੱਦੀ ਦੀ ਪ੍ਰਾਪਤੀ :→** ਬਾਬਾ ਫ਼ਰੀਦ ਸੂਫ਼ੀਆਂ ਦੇ ਚਿਸ਼ਤੀ ਸਿਲਸਿਲੇ ਦੇ ਇੱਕ ਪ੍ਰਸਿੱਧ ਆਗੂ ਹੋਏ ਹਨ, ਇਹ ਸਿਲਸਿਲਾ ਖ਼੍ਵਾਜਾ ਹਸਨ ਬਸਰੀ ਤੋਂ ਸ਼ੁਰੂ ਹੋਇਆ ਮੰਨਿਆ ਜਾਂਦਾ ਹੈ। ਜਿਸ ਬਾਰੇ ਦੱਸਿਆ ਜਾਂਦਾ ਹੈ ਕਿ ਫ਼ਕੀਰੀ ਦੀ ਸੋਹਣੀ ਹਜ਼ਰਤ ਅਲੀ ਪਾਸੋਂ ਪ੍ਰਾਪਤ ਕੀਤੀ। ਖ਼੍ਵਾਜਾ ਹਸਨ ਬਸਰੀ ਦੇ ਅੱਠਵੇਂ ਗੱਦੀਦਾਰ ਖ਼੍ਵਾਜਾ ਅਬੂ ਇਸਹਾਕ ਤੋਂ ਪਿੱਛੋਂ ਉਹਨਾਂ ਦੇ ਸੇਵਕ ਤੇ ਗੱਦੀਦਾਰਾਂ ਨੇ ਇਸ ਪਿੰਡ 'ਚਿਸ਼ਤ' ਨੂੰ ਹੀ ਆਪਣਾ ਟਿਕਾਣਾ ਬਣਾਈ ਰੱਖਿਆ, ਇਸ ਦਾ ਨਤੀਜਾ ਇਹ ਹੋਇਆ ਕਿ ਇਸ ਸਿਲਸਿਲੇ ਦਾ ਨਾਂ 'ਚਿਸ਼ਤ' ਪਿੰਡ ਕਰਕੇ ਚਿਸ਼ਤੀ ਮਸ਼ਹੂਰ ਖ਼੍ਵਾਜਾ ਮੁਈਨੁੱਦ-ਦੀਨ-ਹਸਨ ਚਿਸ਼ਤੀ ਹੋਏ, ਇਹ ਪਹਿਲੇ ਚਿਸ਼ਤੀ ਆਗੂ ਸਨ।

ਜਿਨ੍ਹਾਂ ਨੇ ਹਿੰਦੁਸਤਾਨ ਵਿੱਚ ਚਿਸ਼ਤੀ ਸੰਪ੍ਰਦਾਇ ਦੀ ਨੀਂਹ ਰੱਖੀ। ਇਹਨਾਂ ਨੇ ਆਪਣੀਆਂ ਪ੍ਰਚਾਰ ਸਰਗਰਮੀਆਂ ਦਾ ਕੇਂਦਰ ਪਹਿਲਾਂ ਦਿੱਲੀ ਤੇ ਪਿੱਛੋਂ ਅਜਮੇਰ ਨੂੰ ਬਣਾਇਆ। ਜਦੋਂ ਸੂਫ਼ੀਆਂ ਨੇ ਆਪਣੇ ਚਰਨ ਹਿੰਦੁਸਤਾਨ ਵਿੱਚ ਪਾਏ ਤਾਂ ਇੱਥੋਂ ਦਾ ਰੰਗ ਇਸਲਾਮ ਦੇ ਨੂਰ ਨਾਲ ਉਜੱਵਲ ਹੋ ਉੱਠਿਆ। ਇੱਥੇ ਆ ਕੇ ਖ਼੍ਵਾਜਾ ਮੁਈਨੁੱਦੀਨ ਨੇ ਆਪਣੀ ਗੱਦੀ ਖ਼੍ਵਾਜਾ ਕੁਤਬੁੱਦ-ਦੀਨ-ਬਖ਼ਤਿਆਰ ਕਾਕੀ ਚਿਸ਼ਤੀ ਨੂੰ ਬਖ਼ਸ਼ੀ ਤਾਂ ਉਸ ਵੇਲੇ 'ਮੁਲਤਾਨ' ਉੱਤਰ ਪੱਛਮੀ ਹਿੰਦੁਸਤਾਨ ਦੇ ਵਪਾਰ, ਸੱਭਿਆਚਾਰ ਤੇ ਰਾਜਨੀਤੀ ਦਾ ਇੱਕ ਵੱਡਾ ਇਸਲਾਮੀ ਕੇਂਦਰ ਸੀ।

ਕਾਕੀ ਜੀ ਨੇ ਮੁਲਤਾਨ ਤੋਂ ਦਿੱਲੀ ਜਾਣਾ ਸੀ ਤਾਂ ਫ਼ਰੀਦ ਜੀ ਦੇ ਕਹਿਣ ਤੇ ਉਹਨਾਂ ਦੇ ਨਾਲ ਹੀ ਤੁਰ ਪਏ। ਕਾਕੀ ਜੀ ਨੇ ਫ਼ਰੀਦ ਨੂੰ ਗਿਆਨ ਬਖ਼ਸ਼ ਕੇ ਹਰ ਇੱਕ ਗੁਣ ਪੱਖੋਂ

ਪ੍ਰਗਟ ਕਰ ਦਿੱਤਾ। ਜੈਸੇ ਫ਼ਾਕੇ ਕੱਟਣ, ਮਨ ਦੀ ਗਰੀਬੀ ਧਾਰਨ, ਰੋਜ਼ੇ ਨਮਾਜ਼ ਵਾਲਾ ਸ਼ਰੱਈ ਜੀਵਨ ਬਿਤਾਉਣ ਤੇ ਸਬਰ ਸੰਤੋਖ ਨਾਲ ਰਹਿਣ ਵਿਚ ਫ਼ਰੀਦ ਜੀ ਉਤਨੇ ਹੀ ਸਿਰਕੱਢ ਸਨ ਜਿਤਨੇ ਕਾਕੀ ਜੀ।

ਇਸ ਸਾਧਨਾ ਦਾ ਇਹ ਫਲ ਹੋਇਆ ਕਿ ਕਾਕੀ ਜੀ ਅੰਤ ਸਮੇਂ ਫ਼ਰੀਦ ਜੀ ਨੂੰ ਆਪਣਾ ਖ਼ਲੀਫ਼ਾ ਥਾਪ ਗਏ। ਜਾਮੀ ਨੂੰ ਸੂਫ਼ੀਆਂ ਦੇ ਸਭ ਤੋਂ ਸਥਾਪਿਤ ਤੇ ਵਿਕਸਿਤ ਕਰਨ ਦਾ ਸਿਹਰਾ ਸ਼ੇਖ਼ ਫ਼ਰੀਦ ਸ਼ਕਰਗੰਜ ਦੇ ਸਿਰ ਬੱਝਦਾ ਹੈ।

**ਵਿਆਹ :→** ਫ਼ਰੀਦ ਜੀ ਦੀਆਂ ਚਾਰ ਸ਼ਾਦੀਆਂ ਕਹੀਆਂ ਜਾਂਦੀਆਂ ਹਨ। ਇੱਕ ਸ਼ਾਦੀ ਦਿੱਲੀ ਦੇ ਗੁਲਾਮ ਵੰਸ਼ੀ ਬਾਦਸ਼ਾਹ ਨਸੀਰਦੀਨ ਦੀ ਸਹਿਜ਼ਾਦੀ ਨਾਲ ਹੋਈ। ਫ਼ਰੀਦ ਜੀ ਦੇ 5 ਪੁੱਤਰ ਤੇ 3 ਪੁੱਤਰੀਆਂ ਸਨ। ਵੱਡੇ ਪੁੱਤਰ ਦਾ ਨਾਮ ਬਦਰੁੱਦੀਨ ਸੁਲੇਮਾਨ ਸੀ ਜੋ ਆਪ ਤੇ ਬਾਅਦ ਗੱਦੀ ਤੇ ਬੈਠਾ। ਗੁਰੂ ਨਾਨਕ ਦੇਵ ਜੀ ਦੀ ਮੁਲਾਕਾਤ ਫ਼ਰੀਦ ਜੀ ਦੀ ਗੱਦੀ ਉੱਤੇ ਬੈਠੇ ਗਿਆਰਵੇਂ ਗੱਦੀ-ਨਸ਼ੀਨ ਸ਼ੇਖ਼ ਬ੍ਰਹਮ ਨਾਲ ਹੋਈ ਅਤੇ ਇਸੇ ਤੋਂ ਹੀ ਗੁਰੂ ਜੀ ਨੇ ਫ਼ਰੀਦ ਜੀ ਦੀ ਬਾਣੀ ਹਾਸਲ ਕੀਤੀ ਸੀ।

**ਵਿਅਕਤੀਤਵ :→** ਪੰਜਾਬੀ ਵਿੱਚ ਸੂਫ਼ੀ ਸਾਧਨਾ ਨਾਲ ਸਬੰਧਿਤ ਭਾਵਨਾਵਾਂ ਨੂੰ ਸਾਹਿਤਕ ਸਿਧਾਂਤਾਂ ਤੇ ਸੁਸੱਜਿਤ ਕਰਨ ਵਾਲੇ ਬਾਬਾ ਫ਼ਰੀਦ ਇੱਕ ਕਾਮਲ ਦਰਵੇਸ਼ ਸਨ। ਜਿਨ੍ਹਾਂ ਨੇ ਉਸ ਵਕਤ ਦੀ ਜਨਤਾ ਨੂੰ ਸੂਫ਼ੀ ਰੰਗ ਵਿੱਚ ਰੰਗਣ ਦਾ ਤਤਪਰ ਜਤਨ ਕੀਤਾ। ਬਾਬਾ ਫ਼ਰੀਦ ਨੂੰ ਅਧਿਆਤਮਿਕ ਬਿਰਤੀ ਨੂੰ ਅਧਿਕ ਵਿਕਸਿਤ ਕਰਨ ਵਿੱਚ ਆਪ ਦੀ ਮਾਤਾ ਦਾ ਬਹੁਤ ਯੋਗਦਾਨ ਸੀ। ਇਸ ਬਿਰਤੀ ਕਾਰਨ ਬਚਪਨ ਵਿੱਚ ਖੰਡ ਦੇ ਫ਼ੱਕ

ਆਪ ਨੂੰ ਕਾਜ਼ੀ ਬੱਚਾ ਦੀਵਾਨਾ ਕਿਹਾ ਕਰਦੇ ਸਨ। ਆਪ ਉੱਤੇ ਸਭ ਤੋਂ ਪਹਿਲੀ ਕ੍ਰਿਪਾ ਖ੍ਵਾਜ਼ਾ ਸ਼ੇਖ਼ ਜਲਾਲਦੀਨ ਤਬਰੇਜ਼ੀ ਨੇ ਕੀਤੀ।

ਆਪ ਜਦੋਂ ਮੁਲਤਾਨ ਵਿਚ ਸ਼ੇਖ਼ ਬਹਾਉਦੀਨ ਜ਼ਕਰੀਆ ਪਾਸ ਧਾਰਮਿਕ ਵਿੱਦਿਆ ਪ੍ਰਾਪਤ ਕਰਨ ਗਏ ਤਾਂ ਉਨ੍ਹਾਂ ਦੀ ਸ਼ਖ਼ਸੀਅਤ ਤੋਂ ਬਹੁਤ ਪ੍ਰਭਾਵਿਤ ਹੋਏ। ਛੋਟੀ ਉੱਮਰ ਵਿੱਚ ਹੀ ਆਪ ਨੂੰ ਸਾਰਾ 'ਕੁਰਾਨ' ਜ਼ੁਬਾਨੀ ਯਾਦ ਹੋ ਗਿਆ। ਦਿਨ ਵਿੱਚ ਆਪ ਇੱਕ ਵਾਰ ਪੂਰੇ 'ਕੁਰਾਨ' ਪਾਠ ਦਾ ਪਾਠ ਕਰਦੇ ਸਨ।

**ਦੇਹਾਂਤ :→** ਬਾਬਾ ਫ਼ਰੀਦ ਜੀ ਪਾਕਪਟਨ ਵਿਖੇ 1266 ਈ. ਵਿੱਚ ਜੋਤੀ ਜੋਤ ਸਮਾ ਗਏ।

**ਰਚਨਾ :→** ਬਾਬਾ ਫ਼ਰੀਦ ਜੀ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੈ। ਆਪ ਦੇ 112 ਸ਼ਲੋਕ ਤੇ 4 ਸ਼ਬਦ ਤੇ ਦੋ ਰਾਗ ਆਸਾ ਵਿਚ ਅਤੇ ਦੋ ਰਾਗ ਸੂਹੀ ਵਿਚ ਹਨ। ਇਹਨਾਂ ਤੋਂ ਇਲਾਵਾ ਆਪ ਜੀ ਦੀ ਬਹੁਤ ਸਾਰੀ ਬਾਣੀ ਲੋਕ ਜ਼ਿਹਨ ਵਿੱਚ ਮੌਜੂਦ ਹੈ ਤੇ ਫੋਕ ਸਾਹਿਤ ਵਿੱਚ ਵੀ ਸੰਭਾਲੀ ਪਈ ਹੈ। ਆਪ ਦੀ ਬਾਣੀ ਦੇ ਪ੍ਰਮੁੱਖ ਵਿਸ਼ੇ ਪ੍ਰਭੂ ਲਈ ਪ੍ਰੇਮ, ਉਸ ਦੇ ਵਿਜੋਗ ਲਈ ਤੜਪ, ਸ਼ੁਭ ਅਮਲਾਂ ਦੀ ਲੋੜ, ਵਿਰੋਧ ਅਡੰਬਰਾਂ ਤੇ ਦੁਨਿਆਵੀ ਨਾਸ਼ਮਾਨਤਾ ਦਾ ਚਿਤਰਨ ਆਦਿ।

## ਡਾ. ਬਿਕਰਮ ਸਿੰਘ ਘੁੰਮਣ ਅਨੁਸਾਰ,

"ਸ਼ੇਖ਼ ਫ਼ਰੀਦ ਜੀ ਦੀ ਰਚਨਾ ਜਿੱਥੇ ਵਿਸ਼ੇ ਪੱਖੋਂ ਉੱਚ ਦਰਜੇ ਦੀ ਬਾਣੀ ਹੈ।

ਉਹ ਕਾਵਿ ਗੁਣਾਂ ਦੇ ਪੱਖੋਂ ਵੀ ਕਿਸੇ ਗੱਲੋਂ ਘੱਟ ਨਹੀਂ..... ਉਹਨਾਂ ਦੀ ਕਾਵਿ ਸਿਰਜਣਾ ਵਿਚ ਇੱਕ ਚੰਗੀ ਕਵਿਤਾ ਵਾਲੇ ਸਾਰੇ ਗੁਣ ਮੌਜੂਦ ਹਨ।

(ਸੂਫ਼ੀਮਤ ਅਤੇ ਪੰਜਾਬੀ ਸੂਫ਼ੀ ਕਾਵਿ /87)

**ਸਲੋਕ:→** ਸਲੋਕ ਛੰਦ ਵਿਧਾਨ ਦੇ ਨਿਯਮਾਂ ਤੋਂ ਮੁਕਤ ਕਾਵਿ-ਰੂਪ ਹੈ। ਸਲੋਕ ਰਚਨਾ ਸਮੇਂ ਤੁਕਾਂ ਦੇ ਤੋਲ ਤੁਕਾਂਤ ਵਲ ਵੀ ਖਾਸ ਧਿਆਨ ਨਹੀਂ ਦਿੱਤਾ ਜਾਂਦਾ। ਸਲੋਕਾਂ ਵਿਚ ਤੁਕਾਂ ਦੀ ਗਿਣਤੀ ਨਿਰਧਾਰਤ ਨਹੀਂ। ਸਲੋਕ ਇੱਕ ਤੁਕ ਦਾ ਵੀ ਹੋ ਸਕਦਾ ਹੈ ਅਤੇ ਵੀਹ ਤੋਂ ਵਧੇਰੇ ਤੁਕਾਂ ਵਾਲਾ ਵੀ ਹੈ।

**ਫ਼ਰੀਦ ਜੀ ਲਿਖਦੇ ਹਨ:→**

ਫਰੀਦਾ ਦਰ ਦਰਵੇਸੀ ਗਾਖੜੀ ਚਲਾਂ ਦੁਨੀਆਂ ਭਤਿ ॥
ਬੰਨ੍ਹਿ ਉਠਾਈ ਪੋਟਲੀ ਕਿਥੈ ਵੰਞਾ ਘਤਿ ॥੨॥

**ਭਾਵ ਅਰਥ:→** ਫਰੀਦ! ਰੱਬ ਦੇ ਦਰ ਉੱਤੇ ਪਹੁੰਚਣਾ ਬਹੁਤ ਕਠਿਨ ਹੈ (ਕਿਉਂਕਿ ਇਹ ਦਰ ਸੰਸਾਰਕ ਸੁੱਖਾਂ ਦੀ ਕੁਰਬਾਨੀ ਮੰਗਦਾ ਹੈ) ਇਸ ਲਈ, ਮਨ ਵਿਚ ਵਿਚਾਰ ਉੱਠਦਾ ਹੈ ਕਿ ਮੈਂ ਵੀ ਹੋਰ ਦੁਨੀਆਦਾਰਾਂ ਵਾਂਗੀ ਮਾਇਆ-ਨੀਤੀ ਦੀ ਰੀਤਿ ਹੀ ਅਪਣਾਂ ਲਵਾਂ। ਪਰੰਤੂ ਫਿਰ ਸੋਚਦਾ ਹਾਂ ਕਿ ਪਦਾਰਥਕ ਮੋਹ ਦੇ ਪ੍ਰਭਾਵ ਅਧੀਨ ਆਪ ਕਮਾਏ ਪਾਪਾਂ ਦੀ ਗਠੜੀ ਦਾ ਕੀ ਕਰੇਂਗਾ? (ਪਾਪਾਂ ਦਾ ਭਾਰ ਚੁੱਕ ਕੇ ਸਿਰਾਤ ਪੁਲ ਉੱਤੋਂ ਲੰਘਣਾ ਸੌਖਾ ਨਹੀਂ ਹੈ।)

## ਸਲੋਕ :→ ਫ਼ਰੀਦ ਜੀ ਫ਼ੁਰਮਾਉਂਦੇ ਹਨ :→

ਫਰੀਦ ਜੇ ਤੂ ਅਕਲਿ ਲਤੀਫੁ ਕਾਲੇ ਲਿਖੁ ਨ ਲੇਖ ॥
ਆਪਨੜੇ ਗਿਰੀਵਾਨ ਮਹਿ ਸਿਰੁ ਨੀਂਵਾਂ ਕਰਿ ਦੇਖੁ ॥੬॥

**ਭਾਵ ਅਰਥ :→** ਫਰੀਦ ! ਜੇ ਤੂੰ ਆਪਣੇ ਆਪ ਨੂੰ ਪਵਿੱਤਰ ਆਤਮਾ ਵਾਲਿਆਂ ਤੇ ਬਰੀਕ ਬੁੱਧੀ ਦਾ ਮਾਲਿਕ ਸਮਝਦਿਆਂ ਹੈਂ ਤਾਂ ਬੁਰੇ ਕਰਮ ਨਾ ਕਰ। ਬੁਰਾਈ ਤੋਂ ਬਚਣ ਵਾਸਤੇ ਸਵੈ - ਪੜਚੋਲ ਕਰਨੀ ਜ਼ਰੂਰੀ ਹੈ। (ਕਈ ਵਿਦਵਾਨ ਇਹ ਅਰਥ ਵੀ ਕਰਦੇ ਹਨ: ਫਰੀਦ ! ਜੇ ਤੂੰ ਸੂਖਮ ਸਮਝ ਦਾ ਮਾਲਿਕ ਹੈਂ ਤਾਂ ਦੂਸਰਿਆਂ ਦੇ ਦੋਸ਼ ਦੇਖਣ ਦੀ ਬਜਾਏ ਆਪਣੇ ਅੰਦਰ ਝਾਤੀ ਮਾਰ ਕੇ ਆਪਣੇ ਦੋਸ਼ ਲੱਭ ਕੇ ਉਨ੍ਹਾਂ ਤੋਂ ਛੁਟਕਾਰਾ ਪਾ।)

## ਸਲੋਕ :→ ਫ਼ਰੀਦ ਜੀ ਫ਼ੁਰਮਾਉਂਦੇ ਹਨ :→

ਫਰੀਦਾ ਜੰਗਲੁ ਜੰਗਲੁ ਕਿਆ ਭਵਹਿ ਵਣਿ ਕੰਡਾ ਮੋੜੇਹਿ ॥
ਵਸੀ ਰਬੁ ਹਿਆਲੀਐ ਜੰਗਲੁ ਕਿਆ ਢੂਢੇਹਿ ॥

**ਭਾਵ ਅਰਥ :→** ਫਰੀਦ ! ਤੂੰ ਜੰਗਲਾਂ ਵਿੱਚ ਕਿਸ ਨੂੰ ਭਾਲਦਾ ਫਿਰਦਾ ਹੈਂ ? (ਜਿਸ ਦੀ ਤੂੰ ਜੰਗਲਾਂ ਵਿਚ ਭਾਲ ਕਰ ਰਿਹਾ ਹੈਂ ਉਹ) ਸਰਬ - ਵਿਆਪਕ ਪ੍ਰਮਾਤਮਾ ਦਾ ਪ੍ਰਕਾਸ਼ ਤੇਰੇ ਹਿਰਦੇ (ਅੰਤਹਕਰਣ) ਵਿੱਚ ਹੀ ਹੈ। ਜੰਗਲ ਦੀਆਂ ਕੰਡਿਆਲੀਆਂ ਝਾੜੀਆਂ ਤੈਨੂੰ ਗਲਤ ਰਸਤੇ ਤੇ ਤੁਰਨ ਤੋਂ ਮੋੜਣ ਦਾ ਯਤਨ ਕਰ ਰਹੀਆਂ ਹਨ, ਪਰ ਤੇਰੇ 'ਤੇ ਇਨ੍ਹਾਂ ਦਾ ਕੀ ਕੋਈ

ਅਸਰ ਨਹੀਂ। (ਕਈ ਵਿਦਵਾਨ ਇਸ ਤੁਕ ਦਾ ਅਰਥ ਇਉਂ ਕਰਦੇ ਹਨ : ਤੂੰ ਰੱਬ ਦੀ ਯਾਦ ਵਿੱਚ ਸੁੰਗੜ ਦੀਆਂ ਘੜਿਆਂ ਘੜੀਆਂ ਹਜਾਂ ਕਿਉਂ ਮਿਣਤਾਵਦਾ ਫਿਰਦਾ ਹੈਂ? ਰੱਬ ਤਾਂ ਤੇਰੇ ਹਿਰਦੇ ਵਿਚ ਹੀ ਵਸਦਾ ਹੈ।

## ਫ਼ਰੀਦ ਜੀ ਫ਼ਰਮਾਉਂਦੇ ਹਨ :→

ਫਰੀਦਾ ਸਕਰ ਖੰਡੁ ਨਿਵਾਤ ਗੁੜੁ ਮਾਖਿਓੁ ਮਾਂਝਾ ਦੁਧੁ ॥
ਸਭੇ ਵਸਤੂ ਮਿਠੀਆਂ ਰਬ ਨ ਪੁਜਨਿ ਤੁਧੁ ॥੨੭॥

ਭਾਵ ਅਰਥ :→ ਫ਼ਰੀਦ! ਸ਼ੱਕਰ, ਖੰਡ, ਮਿਸ਼ਰੀ, ਗੁੜ, ਸ਼ਹਿਦ ਤੇ ਮੱਝ ਦਾ ਦੁੱਧ ਆਦਿ ਪਦਾਰਥ ਬੜੇ ਮਿੱਠੇ ਹਨ। ਪਰੰਤੂ ਹੇ ਰੱਬ! (ਪਰਮ ਆਤਮਿਕ ਰਸ ਵਾਲੀ) ਤੇਰੀ ਸੰਗਤ (ਸਿਫਤ-ਸਾਲਾਹ / ਨਾਮ - ਸਿਮਰਨ) ਦੇ ਸੁਆਦ ਦੇ ਮੁਕਾਬਲੇ ਇਹ ਸਾਰੇ ਮਿੱਠੇ ਪਦਾਰਥ ਤੁੱਛ ਹਨ। ਦਰਵੇਸ਼ ਮਾਇਆ ਦੇ ਸੰਸਾਰ ਸੁੱਖ ਦੀ ਬਜਾਏ ਪਰਮਾਰਥੀ ਜੀਵਨ ਨੂੰ ਪਹਿਲ ਦਿੰਦੇ ਹਨ।

## ਫ਼ਰੀਦ ਜੀ ਫ਼ਰਮਾਉਂਦੇ ਹਨ :→

ਫਰੀਦਾ ਰੋਟੀ ਮੇਰੀ ਕਾਠ ਕੀ ਲਾਵਣੁ ਮੇਰੀ ਭੁਖ ॥
ਜਿਨਾ ਖਾਧੀ ਚੋਪੜੀ ਘਣੇ ਸਹਨਿਗੇ ਦੁਖ ॥੨੮॥

ਭਾਵ ਅਰਥ :→ ਫ਼ਰੀਦ! ਕਿਰਤ ਨਾਲ ਕਮਾਈ ਰੁੱਖੀ ਸੁੱਖੀ ਸਾਦੀ ਰੋਟੀ ਮੇਰਾ ਭੋਜਨ ਹੈ, ਮਿਹਨਤ-ਮੁਸ਼ੱਕਤ ਸਦਕਾ

ਉਪਜੀ ਹੋਈ ਭੁੱਖ ਹੀ ਸੋਹਣੇ ਵਾਸਤੇ ਦਾਲ-ਸਬਜ਼ੀ ਸੁਆਦਲਾ ਹੈ। ਜਿਹੜੇ ਹੱਕ-ਰੱਖ ਫ਼ੋਕ ਕਿਰਤੀਆਂ ਦੀ ਕਮਾਈ ਲੁੱਟ ਕੇ, ਸੁਆਦਿਸ਼ਟ ਭੋਜਨ ਖਾਂਦੇ ਹਨ, ਉਨ੍ਹਾਂ ਦੀ ਆਤਮਾ ਨੂੰ ਬਹੁਤ ਦੁੱਖ ਸਹਿਣ ਕਰਨੇ ਪੈਂਦੇ।

**ਸ਼ਬਦ :→** ਬਾਬਾ ਫ਼ਰੀਦ ਜੀ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਚਾਰ ਸ਼ਬਦ ਦਰਜ ਹਨ।

ਬੇੜਾ ਬੰਧਿ ਨ ਸਕਿਓ ਬੰਧਨ ਕੀ ਵੇਲਾ ॥
ਭਰਿ ਸਰਵਰੁ ਜਬ ਊਛਲੈ ਤਬ ਤਰਣੁ ਦੁਹੇਲਾ ॥੧॥

**ਸ਼ਬਦ ਅਰਥ :→** ਬੇੜਾ ਲੱਕੜੀਆ ਦਾ ਬਣਾਇਆ ਹੋਇਆ ਜਿਸ ਉੱਪਰ ਬਹਿ ਕੇ ਗਹਿਰੇ ਪਾਣੀ ਤੇ ਪਾਰ ਜਾਇਆ ਜਾਂਦਾ ਹੈ। ਭਵਸਾਗਰ ਤੇ ਪਾਰ-ਉਤਾਰੇ ਲਈ ਹਰਿ-ਨਾਮ-ਸਿਮਰਨ ਰੂਪੀ ਬੇੜਾ।

**ਸ਼ਬਦ :→**

ਦਿਲਹੁ ਮੁਹਬਤਿ ਜਿੰਨ੍ ਸੇਈ ਸਚਿਆ ॥
ਜਿਨ੍ ਮਨਿ ਹੋਰੁ ਮੁਖਿ ਹੋਰੁ ਸਿ ਕਾਂਢੇ ਕਚਿਆ ॥

**ਸ਼ਬਦ ਅਰਥ :→** ਜਿਹੜੇ ਮਨੁੱਖ ਇੱਕ ਮਨ ਹੋ ਕੇ ਪ੍ਰਭੂ ਦੀ ਪ੍ਰੇਮਾ ਭਗਤੀ ਕਰਦੇ ਹਨ, ਉਹੀ ਸੱਚੇ ਭਗਤ ਹਨ। (ਪਰੰਤੂ) ਜਿਨ੍ਹਾਂ ਦੇ ਮਨ ਵਿੱਚ ਖੋਟ ਹੈ ਪਰ ਸਿਰਫ਼ ਰੱਬ ਦੇ ਭਗਤ ਹੋਣ ਦਾ ਢੌਂਗ ਕਰਦੇ ਹਨ, ਉਹਨਾਂ ਦਾ ਰੱਬ ਪ੍ਰਤਿ ਪ੍ਰੇਮ ਸਿਰਫ਼ ਫੋਕਾਚਾਰ ਹੈ, ਝੂਠਾ ਹੈ ਅਤੇ ਉਹ, ਕਪਟੀ ਹੋਣ ਕਾਰਣ, ਕੱਚੇ

ਕਰੀ ਜਾਂਦੇ ਸਨ।

**ਸਿੱਟਾ :→** ਉਪਰੋਕਤ ਚਰਚਾ ਤੋ ਬਾਅਦ ਕਹਿ ਸਕਦੇ ਹਾਂ ਕਿ ਕਿ ਜਿੱਥੇ ਬਾਬਾ ਫ਼ਰੀਦ ਜੀ ਮਹਾਨ ਸੂਫ਼ੀ ਸੰਤ ਸਨ, ਉੱਥੇ ਮਹਾਨ ਸੂਫ਼ੀ ਕਵੀ ਵੀ ਸਨ। ਬਾਬਾ ਫ਼ਰੀਦ ਜੀ ਇਸਲਾਮੀ ਸੰਪਰਦਾਇ ਦੇ ਅਨੁਯਾਈ ਸਨ। ਆਪ ਜੀ ਨੂੰ ਪੰਜਾਬੀ ਸਾਹਿਤ ਵਿੱਚ ਉੱਚਾ ਸਥਾਨ ਪ੍ਰਾਪਤ ਹੈ। ਬਾਬਾ ਫ਼ਰੀਦ ਜੀ ਦੀ ਰਚਨਾ ਕਲਾਤਮਕ ਵਿਸ਼ੇਸ਼ਤਾਵਾਂ ਨਾਲ ਭਰਪੂਰ ਹੈ। ਇਹਨਾ ਦੀ ਬਾਣੀ ਸਤ ਪਾਠ ਕਰਨ ਵਾਲਿਆ ਅਤੇ ਗਾਉਣ ਤੇ ਸੁਣਨ ਵਾਲਿਆਂ ਨੂੰ ਪ੍ਰਭਾਵਿਤ ਕਰਦੀ ਹੈ।